National Research Journal of Social Sciences
Volume-11, Issue-1, January-June 2026
PP: 240-244

ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿੱਚ ਵੈਰਾਗ ਅਤੇ ਤਿਆਗ ਦੀ ਭਾਵਨਾ

**ਦਲਜੀਤ ਕੌਰ**

ਅਸਿਸਟੈਂਟ ਪ੍ਰੋਫੈਸਰ
(ਪੰਜਾਬੀ ਵਿਭਾਗ), ਗੋਵਿੰਦ ਨੈਸ਼ਨਲ ਕਾਲਜ, ਨਾਰੰਗਵਾਲ।

**ਸਾਰ ਅੰਸ਼ –**

ਪ੍ਰੇਮ ਭਗਤੀ ਦੇ ਪੁੰਜ, ਦੇਗ ਤੇਗ਼ ਅਤੇ ਤਿਆਗ ਦੀ ਮੂਰਤ, ਧਰਮ ਰੱਖਿਅਕ, ਸ਼ਾਂਤੀ ਦੇ ਪ੍ਰਤੀਕ, ਉਪਕਾਰੀ ਤੇ ਅਦੁੱਤੀ ਸ਼ਹੀਦ, ਹਿੰਦ ਦੀ ਚਾਦਰ, ਹਰਮਨ ਪਿਆਰੇ ਬਾਣੀਕਾਰ ਗੁਰੂ ਤੇਗ਼ ਬਹਾਦਰ ਜੀ ਦਾ ਜੀਵਨ ਭਾਰਤ ਜੀਅ ਦਾਨ ਦੇਣ ਤੇ ਸਿੱਖੀ ਸੁਰਜੀਤ ਕਰਨ ਵਾਲਾ ਹੈ। ਆਪ ਦੇ ਜੀਵਨ ਅਤੇ ਬਾਣੀ ਵਿੱਚ ਭਗਤੀ ਭਾਵ ਦੇ ਨਾਲ ਨਾਲ ਵੈਰਾਗ ਤੇ ਤਿਆਗ ਦੀ ਵਿਸ਼ੇਸ਼ ਮਹੱਤਤਾ ਹੈ। ਆਪ ਨੇ ਬੜੇ ਮਿੱਠੇ ਤੇ ਭਾਵ ਪੂਰਤ ਸ਼ਬਦਾਂ ਰਾਹੀਂ ਮਨੁੱਖੀ ਜੀਵਨ ਤੇ ਸੰਸਾਰ ਦੀ ਵਾਸਤਵਿਕਤਾ ਪੇਸ਼ ਕੀਤਾ ਹੈ। ਆਪ ਨੇ ਜੀਵਨ ਤੋਂ ਨਿਰਾਸ਼ਤਾ ਪੈਦਾ ਨਹੀਂ ਕੀਤੀ ਸਗੋਂ ਜੀਵਨ ਕਰਮ ਯੋਗੀ ਸਿੱਧ ਕੀਤਾ ਹੈ।

ਵੈਰਾਗ ਦੇ ਸਿਧਾਂਤਕ ਅਰਥ ਉਪਰਾਮਤਾ, ਨਿਰਲੇਪਤਾ ਅਤੇ ਉਦਾਸੀਨਤਾ ਆਦਿ ਹਨ। ਪਰ ਗੁਰੂ ਤੇਗ਼ ਬਹਾਦਰ ਜੀ ਦੀ ਸਿੱਖਿਆ ਅਨੁਸਾਰ ਦੁਰਾਚਾਰ ਤਿਆਗ ਕੇ ਸਦਾਚਾਰ ਧਾਰਨ ਕਰਕੇ ਸ਼ਰਨਧਾਰੀ ਪ੍ਰਾਣੀ ਜਿਸ ਚੀਜ਼ ਦੀ ਲੋੜ ਹੈ, ਉਹ ਹੈ ਵੈਰਾਗ। ਨੌਵੇਂ ਗੁਰੂ ਸਾਹਿਬ ਦੀ ਬਾਣੀ ਦਾ ਮੁੱਖ ਸੁਰ ਹੀ ਤਿਆਗ ਅਤੇ ਵੈਰਾਗ ਦਾ ਪ੍ਰਗਟਾਓ ਹੈ। ਵੈਰਾਗ ਦੀ ਇਸ ਬਿਰਤੀ ਉਪਜਾਉਣ ਦੇ ਲਈ ਉਹ ਭਿੰਨ ਭਿੰਨ ਸਥਿਤੀਆਂ ਤੇ ਦਲੀਲਾਂ ਅੰਕਿਤ ਕਰਕੇ ਸਮਝਾਉਂਦੇ ਹਨ। ਸੰਸਾਰਕ ਪਦਾਰਥਾਂ, ਸੰਸਾਰੀ ਜੀਵਾਂ, ਰਿਸ਼ਤੇ ਨਾਤਿਆਂ ਵੱਲੋਂ ਉਪਰਾਮਤਾ ਪੈਦਾ ਹੋਣ ਤੇ ਹੀ ਮਨੁੱਖ ਅੰਦਰ ਭਗਤੀ ਭਾਵ ਪੈਦਾ ਹੋ ਸਕਦੇ ਹਨ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਤਿਆਗ, ਵੈਰਾਗ ਰਾਹੀਂ ਭਗਤੀ ਭਾਵ ਪੈਦਾ ਕਰਕੇ ਅਜਿਹੇ ਇਨਸਾਨ ਬਣਾਉਣਾ ਚਾਹੁੰਦੀ ਹੈ ਜੋ ਸੰਸਾਰ ਦੇ ਪ੍ਰਪੰਚ ਤੋਂ ਉਪਰਾਮ ਰਹਿਣ ਵਾਲੇ ਹੋਣ, ਜਿਨਾਂ ਕੋਈ ਲੋਭ ਲਾਲਚ ਪ੍ਰਭਾਵਿਤ ਨਾ ਕਰ ਸਕਦਾ ਹੋਵੇ, ਅਜਿਹੇ ਇਨਸਾਨਾਂ ਦਾ ਜੀਵਨ ਉਦੇਸ਼ ਮਾਨਵਤਾ ਦਾ ਕਲਿਆਣ ਕਰਨਾ ਬਣ ਜਾਵੇ, ਜਿਨਾਂ ਸੰਸਾਰ ਨਾਲ ਕੋਈ ਮੋਹ ਨਾ ਹੋਵੇ।ਉਹ ਨਾ ਕਿਸੇ ਤੋਂ ਡਰਦੇ ਹਨ, ਨਾ ਹੀ ਕਿਸੇ ਡਰਾਉਂਦੇ ਹਨ। ਉਹ ਅਨਿਆਂ ਅੱਗੇ ਵੀ ਨਹੀਂ ਝੁਕਦੇ ਤੇ ਨਾ ਹੀ ਅਨਿਆਂ ਸਵੀਕਾਰ ਕਰਦੇ ਹਨ।ਅਜਿਹੇ ਇਨਸਾਨ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਲਈ ਤਿਆਰ ਹੋ ਜਾਂਦੇ ਹਨ, ਜਿਸ ਦੀ ਅਦੁੱਤੀ ਮਿਸਾਲ ਗੁਰੂ ਸਾਹਿਬ ਜੀ ਦੇ ਆਪਣਾ ਜੀਵਨ ਦੇ ਵਿੱਚੋਂ ਭਲੀ ਭਾਂਤ ਪ੍ਰਗਟ ਹੁੰਦੀ ਹੈ।

**Key Words:-**

1. ਤਿਆਗ – ਸੰਸਕ੍ਰਿਤ ਮੂਲ ਦੇ ਇਸ ਸ਼ਬਦ ਤਿਆਗ ਦਾ ਅਰਥ ਹੈ- ਕਿਸੇ ਵਸਤੂ ਛੱਡਣ ਦੀ ਕਿਰਿਆ। ਪਰ ਇੱਥੇ ਤਿਆਗ ਦਾ ਅਰਥ- ਪੰਜਾਂ ਵਿਕਾਰਾਂ ਦਾ ਤਿਆਗ, ਦੁਨਿਆਵੀ ਰਿਸ਼ਤਿਆਂ ਨਾਤਿਆਂ, ਮਾਨਸਿਕ ਵਿਕਾਰਾਂ ਦੇ ਤਿਆਗ ਦੀ ਗੱਲ ਆਖੀ ਗਈ ਹੈ।
2. ਹਿੰਦ ਦੀ ਚਾਦਰ – ਇਸ ਸ਼ਬਦ ਦਾ ਅਰਥ ਹੈ ਭਾਰਤ ਦੀ ਢਾਲ। ਗੁਰੂ ਤੇਗ਼ ਬਹਾਦਰ ਜੀ ਨੇ ਹਿੰਦੂ ਧਰਮ ਦੀ ਰੱਖਿਆ ਦੇ ਲਈ ਸ਼ਹਾਦਤ ਦਿੱਤੀ, ਜਿਸ ਕਰਕੇ ਉਹਨਾਂ ਹਿੰਦ ਦੀ ਚਾਦਰ ਕਹਿੰਦੇ ਹਨ।
3. ਅਦੁੱਤੀ ਸ਼ਹੀਦ – ਅਜਿਹਾ ਅਨੋਖਾ ਸ਼ਹੀਦ ਜੋ ਧਰਮ ਤੇ ਸੱਚਾਈ ਦੇ ਰਾਹ ਤੇ ਚੱਲਦਿਆਂ ਆਪਣੀ ਜਾਨ ਕੁਰਬਾਨ ਕਰ ਦਿੰਦਾ ਹੈ।
4. ਗੁਰੂ ਲਾਧੋ ਰੇ – ਅਰਥਾਤ ਗੁਰੂ ਲੱਭ ਗਿਆ ਹੈ।
5. ਸੁੰਨੀ ਮੁਸਲਮਾਨ – ਸੁੰਨੀ ਇਸਲਾਮ ਧਰਮ ਦੀ ਇੱਕ ਸ਼ਾਖਾ ਹੈ। ਸੁੰਨੀ ਸ਼ਬਦ ਅਰਬੀ ਦੇ ਸ਼ਬਦ ਸੁੰਨਤ ਤੋਂ ਆਇਆ ਹੈ, ਜਿਸ ਦਾ ਅਰਥ ਹੈ ਹਜ਼ਰਤ ਮੁਹੰਮਦ ਸਾਹਿਬ ਦੀਆਂ ਸਿੱਖਿਆਵਾਂ ਤੇ ਪਰੰਪਰਾਵਾਂ ਦਾ ਪਾਲਣ ਕਰਨ ਵਾਲਾ।
6. ਉਪਰਾਮਤਾ – ਉਦਾਸੀਨਤਾ ਦਾ ਭਾਵ, ਪਰ ਸਿੱਖ ਧਰਮ ਵਿੱਚ ਉਪਰਾਮਤਾ ਦਾ ਭਾਵ ਸੰਸਾਰ ਛੱਡਣਾ ਨਹੀਂ ਸਗੋਂ ਸੰਸਾਰ ਵਿੱਚ ਰਹਿੰਦੇ ਹੋਏ ਮੋਹ ਮਾਇਆ ਤੋਂ ਮੁਕਤ ਹੋਣਾ ਹੈ।
7. ਨਿਖਿਧ ਕਰਮ – ਭੈੜਾ ਜਾਂ ਬੁਰਾ ਕਰਮ। ਉਹ ਕਰਮ, ਜਿਨਾਂ ਧਾਰਮਿਕ ਸ਼ਾਸਤਰਾਂ, ਧਰਮ ਜਾਂ ਨੈਤਿਕਤਾ ਦੇ ਅਨੁਸਾਰ ਕਰਨ ਦੀ ਮਨਾਹੀ ਹੈ।

## ਪੂਰਾ ਪੇਪਰ:–

ਦੇਗ ਤੇਗ਼ ਅਤੇ ਤਿਆਗ ਦੀ ਮੂਰਤ, ਧਰਮ ਦੇ ਰੱਖਿਅਕ, ਹਿੰਦ ਦੀ ਚਾਦਰ, ਪ੍ਰੇਮ ਭਗਤੀ ਦੇ ਪੁੰਜ, ਪਰਉਪਕਾਰੀ ਤੇ ਅਦੁੱਤੀ ਸ਼ਹੀਦ, ਗੁਰੂ ਤੇਗ਼ ਬਹਾਦਰ ਜੀ ਇੱਕ ਮਹਾਨ ਯੁੱਗ ਪੁਰਸ਼ ਹੋਏ ਹਨ। ਯੁੱਗ ਪੁਰਸ਼ ਯੁੱਗ ਦੀ ਆਵਾਜ਼ ਸੁਣਦੇ ਹਨ, ਯੁੱਗ ਦੀ ਇੱਛਾ ਪੂਰਾ ਕਰਨ ਲਈ ਸੇਧ ਦਿੰਦੇ ਹਨ ਤੇ ਲੋੜ ਪੈਣ ਤੇ ਆਪਾਂ ਵੀ ਵਾਰ ਦਿੰਦੇ ਹਨ। ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ ਫ਼ਲਸਫ਼ੇ ਅਤੇ ਬਾਣੀ ਦੇ ਵਿੱਚ ਭਗਤੀ ਦੇ ਨਾਲ-ਨਾਲ ਵੈਰਾਗ ਤੇ ਤਿਆਗ ਦੀ ਵਿਸ਼ੇਸ਼ ਮਹੱਤਤਾ ਹੈ। ਆਪ ਨੇ ਜੀਵਨ ਤੋਂ ਨਿਰਾਸ਼ਤਾ ਪੈਦਾ ਨਹੀਂ ਕੀਤੀ, ਸਗੋਂ ਸੰਸਾਰਿਕ ਜੀਵਨ ਬਤੀਤ ਕਰਦੇ ਹੋਏ ਅਧਿਆਤਮਿਕਤਾ ਦੇ ਨਾਲ ਜੁੜਨ ਦੀ ਸੇਧ ਦਿੱਤੀ ਹੈ।

ਅਜਿਹੇ ਮਹਾਨ ਯੁੱਗ ਪੁਰਸ਼ ਦਾ ਜਨਮ ਮੀਰੀ ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਸਾਹਿਬ ਜੀ ਅਤੇ ਮਾਤਾ ਨਾਨਕੀ ਜੀ ਦੇ ਘਰ 5 ਵੈਸਾਖ, ਸੰਮਤ 1678 ਬਿਕਰਮੀ, (ਸੰਨ 1621ਈ:) ਦਿਨ ਐਤਵਾਰ ਅੰਮ੍ਰਿਤਸਰ ਦੇ ਵਿੱਚ ਹੋਇਆ। ਬਾਬਾ ਗੁਰਦਿੱਤਾ, ਬਾਬਾ ਸੂਰਜ ਮੱਲ, ਬਾਬਾ ਅਨੀ ਰਾਏ ਤੇ ਬਾਬਾ ਅਟੱਲ ਆਪ ਦੇ ਚਾਰ ਭਾਈ ਤੇ ਬੀਬੀ ਵੀਰੋ ਆਪ ਜੀ ਦੀ ਇੱਕ ਭੈਣ ਸੀ। ਆਪ ਬਚਪਨ ਤੋਂ ਬੜੇ ਸ਼ਾਂਤ ਸੁਭਾਅ ਵਾਲੇ, ਸਿਹਤਮੰਦ, ਸੰਤ ਸਰੂਪ, ਗੰਭੀਰ, ਕੋਮਲ ਚਿੱਤ, ਉਦਾਰ ਬਿਰਤੀਆਂ ਦੇ ਮਾਲਕ ਸਨ। ਉਨਾਂ ਨੇ ਸ਼ਾਸ਼ਤਰ ਵਿੱਦਿਆ, ਸੰਗੀਤ ਵਿੱਦਿਆ ਤੇ ਹਰ ਤਰ੍ਹਾਂ ਦੀ ਪ੍ਰਚੱਲਤ ਵਿੱਦਿਆ ਪ੍ਰਾਪਤ ਕੀਤੀ। ਆਪ ਬਚਪਨ ਤੋਂ ਹੀ ਬੜੇ ਦਾਨੀ ਸੁਭਾਅ ਦੇ ਹੋਣ ਕਰਕੇ ਕਿਸੇ ਵੀ ਲੋੜਵੰਦ ਦਰੋਂ ਖਾਲੀ ਨਹੀਂ ਮੋੜਦੇ ਸਨ। ਆਪ ਬਚਪਨ ਤੋਂ ਹੀ ਸੰਤਾਂ ਦੇ ਵਾਂਗ ਚੌਕੜਾ ਮਾਰ ਕੇ ਭਜਨ ਬੰਦਗੀ ਦੇ ਵਿੱਚ ਲੀਨ ਰਹਿੰਦੇ ਸਨ।

ਆਪ ਜੀ ਦਾ ਬਚਪਨ ਅੰਮ੍ਰਿਤਸਰ, ਕਰਤਾਰਪੁਰ ਤੇ ਬਕਾਲੇ ਦੇ ਵਿੱਚ ਬੀਤਿਆ। ਬਕਾਲਾ ਮਾਤਾ ਨਾਨਕੀ ਜੀ ਦਾ ਪੇਕਾ ਪਿੰਡ ਤੇ (ਗੁਰੂ) ਤੇਗ਼ ਬਹਾਦਰ ਜੀ ਦਾ ਨਾਨਕਾ ਪਿੰਡ ਸੀ। ਗੁਰੂ ਹਰਗੋਬਿੰਦ ਜੀ ਦੇ ਹੁਕਮ ਅਨੁਸਾਰ ਮਾਤਾ ਨਾਨਕੀ ਜੀ ਤੇਗ਼ ਬਹਾਦਰ ਜੀ ਲੈ ਕੇ ਬਕਾਲੇ ਆ ਗਏ। ਇੱਥੇ ਆਪ ਜੀ ਨੇ ਇੱਕ ਭੋਰਾ ਖੁਦਵਾਇਆ, ਜਿੱਥੇ ਆਪ ਜੀ ਨੇ 20–21 ਸਾਲ ਤੱਕ ਕਠਿਨ ਤਪੱਸਿਆ ਕੀਤੀ। ਗੁਰੂ ਹਰਕ੍ਰਿਸ਼ਨ ਜੀ ਦੇ ਜੋਤੀ-ਜੋਤ ਸਮਾਉਣ ਤੋਂ ਪਹਿਲਾਂ ਸੰਗਤਾਂ ਨੇ ਉਨ੍ਹਾਂ ਨੂੰ ਪੁੱਛਿਆ ਕਿ ਤੁਸੀਂ ਸਾ ਕਿਸ ਦੇ ਲੜ ਲਾ ਚੱਲੇ ਹੋ, ਤਾਂ ਗੁਰੂ ਸਾਹਿਬ ਬਿਮਾਰੀ ਦੀ ਹਾਲਤ ਵਿੱਚ ਬਹੁਤ ਕਮਜ਼ੋਰ ਹੋ ਜਾਣ ਕਾਰਨ ਕੇਵਲ ਇਨਾਂ ਹੀ ਕਹਿ ਸਕੇ ਬਾਬਾ ਬਕਾਲੇ ਇਸਦੇ ਅਰਥ ਸਾਫ਼ ਸਨ ਕਿ ਜੋ ਉਹਨਾਂ ਦੇ ਬਾਬਾ ਜੀ ਹਨ, ਉਹ ਬਕਾਲੇ ਰਹਿੰਦੇ ਹਨ ਤੇ ਉਹੀ ਨੌਵੇਂ ਗੁਰੂ ਹੋਣਗੇ। ਇਹ ਬਚਨ ਸੁਣ ਕੇ ਕਈ ਭੇਖੀ ਪੁਰਖ ਆਪਣੀਆਂ ਗੱਦੀਆਂ ਲਾ ਕੇ ਝੂਠੇ ਦਾਵੇਦਾਰ ਬਣ ਬੈਠੇ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਪਰ ਮੱਖਣ ਸ਼ਾਹ ਲੁਬਾਣਾ ਜੋ ਗੁਰੂ ਘਰ ਦਾ ਪ੍ਰੇਮੀ ਸੀ ਤੇ ਇੱਕ ਵੱਡਾ ਵਪਾਰੀ ਵੀ ਸੀ, ਉਹ ਸ਼ੁਕਰਾਨਾ ਕਰਨ ਲਈ ਗੁਰੂ ਘਰ ਆਇਆ ਜਿਸ ਦੀ ਕਿ ਅਰਦਾਸ ਗੁਰੂ ਘਰ ਪ੍ਰਵਾਨ ਹੋਈ ਸੀ ਉਸ ਦੇ ਸਦਕਾ ਹੀ ਭੇਖੀਆਂ ਦਾ ਪਖੰਡ ਦੂਰ ਹੋਇਆ ਤੇ ਤੇਗ਼ ਬਹਾਦਰ ਜੀ ਨੇ ਜਦੋਂ ਉਸ ਉਸਦੀ 500 ਮੋਹਰਾਂ ਵਾਲੀ ਸੁੱਖ ਯਾਦ ਕਰਵਾਈ ਤਾਂ ਉਹ ਇਕਦਮ ਗੁਰੂ ਚਰਨਾਂ ਤੇ ਲਿਪਟ ਗਿਆ ਅਤੇ ਗੁਰੂ ਲਾਧੋ ਰੇ, ਗੁਰੂ ਲਾਧੋ ਰੇ ਪੁਕਾਰ ਉੱਠਿਆ।

ਗੁਰੂ ਤੇਗ਼ ਬਹਾਦਰ ਜੀ ਨਾਮ ਬਾਣੀ ਦਾ ਪ੍ਰਚਾਰ ਕਰਨ ਲਈ ਬਕਾਲੇ ਤੋਂ ਕੀਰਤਪੁਰ ਸਾਹਿਬ ਗਏ। ਆਪ ਜੀ ਦੇ ਨਾਲ ਅਨੇਕਾਂ ਸਿੱਖ, ਰਬਾਬੀ, ਕੀਰਤਨੀਏ ਰਹਿੰਦੇ ਸਨ। ਇਸ ਤਰ੍ਹਾਂ ਦੂਰ-ਦੁਰਾਡੇ ਤੱਕ ਸਿੱਖੀ ਦਾ ਪ੍ਰਚਾਰ ਕਰਦੇ ਹੋਏ ਗੁਰੂ ਜੀ ਕੈਥਲ, ਕੁਰੂਕਸ਼ੇਤਰ, ਦਿੱਲੀ, ਮਥੁਰਾ, ਬਿੰਦਰਾਬਨ, ਆਗਰਾ, ਫਤਿਹਪੁਰ ਤੋਂ ਹੁੰਦੇ ਹੋਏ ਅਲਾਹਾਬਾਦ ਪਹੁੰਚੇ। ਉੱਧਰ ਔਰੰਗਜ਼ੇਬ ਨੇ ਹਿੰਦੂਆਂ ਦੇ ਨਾਲ ਕਾਫ਼ੀ ਧਾਰਮਿਕ ਵਿਤਕਰਾ ਆਰੰਭ ਕਰ ਦਿੱਤਾ ਸੀ। ਉਸ ਦਾ ਜ਼ੁਲਮ ਦਿਨੋ ਦਿਨ ਹੁਣ ਵੱਧਦਾ ਜਾ ਰਿਹਾ ਸੀ। ਉਹ ਸਾਰੀ ਜਨਤਾ ਸੁੰਨੀ ਮੁਸਲਮਾਨ ਬਣਾਉਣ ਦੀ ਠਾਣੀ ਬੈਠਾ ਸੀ। ਕਸ਼ਮੀਰ ਵਿੱਚ ਜਦੋਂ ਉਸ ਦੀ ਇਸ ਮੁਹਿੰਮ ਸਖਤੀ ਨਾਲ ਲਾਗੂ ਕਰਨਾ ਚਾਹਿਆ, ਤਾਂ ਕਸ਼ਮੀਰੀ ਪੰਡਿਤ ਉਸ ਤੋਂ ਤੰਗ ਆ ਕੇ ਆਪਣੇ ਧਰਮ ਦੀ ਰੱਖਿਆ ਦੇ ਲਈ ਗੁਰੂ ਜੀ ਕੋਲ ਆ ਕੇ ਬੇਨਤੀ ਕਰਨ ਲੱਗੇ, ਤਾਂ ਗੁਰੂ ਜੀ ਨੇ ਕਿਹਾ ਕਿ ਧਰਮ ਦੀ ਰੱਖਿਆ ਤਾਂ ਹੀ ਹੋ ਸਕਦੀ ਹੈ ਜੇ ਕੋਈ ਮਹਾਨ ਪੁਰਖ ਬਲਿਦਾਨ ਦੇਵੇ। ਉਸੇ ਵੇਲੇ ਨੌ ਸਾਲ ਦੇ ਗੋਬਿੰਦ ਰਾਏ ਨੇ ਕਿਹਾ ਕਿ ਆਪ ਤੋਂ ਮਹਾਨ ਹੋਰ ਕੌਣ ਹੋ ਸਕਦਾ ਹੈ। ਗੁਰੂ ਜੀ ਨੇ ਇਹ ਗੱਲ ਸੁਣ ਕੇ ਪੰਡਤਾਂ ਕਿਹਾ ਕਿ ਔਰੰਗਜ਼ੇਬ ਜਾ ਕੇ ਕਹਿ ਦੇਣ ਕਿ ਪਹਿਲਾਂ ਗੁਰੂ ਤੇਗ਼ ਬਹਾਦਰ ਜੀ ਮੁਸਲਮਾਨ ਬਣਾ ਲੈਣ ਕਿਉਂਕਿ ਉਹ ਉਹਨਾਂ ਦੇ ਧਾਰਮਿਕ ਰਹਿਬਰ ਹਨ, ਜੇਕਰ ਉਹ ਮੁਸਲਮਾਨ ਬਣ ਗਏ ਤਾਂ ਉਹ ਸਾਰੇ ਆਪ ਹੀ ਮੁਸਲਮਾਨ ਬਣ ਜਾਣਗੇ।

ਗੁਰੂ ਜੀ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਲੈ ਕੇ ਦਿੱਲੀ ਪਹੁੰਚੇ। ਔਰੰਗਜ਼ੇਬ ਨੇ ਅਨੇਕਾਂ ਤਰ੍ਹਾਂ ਦੇ ਲਾਲਚ ਦੇ ਕੇ ਧਰਮ ਬਦਲਣ ਦੇ ਲਈ ਉਹਨਾਂ ਮਜਬੂਰ ਕੀਤਾ। ਪਰ ਗੁਰੂ ਦੇ ਸਿੱਖ ਅਡੋਲ ਰਹਿ ਕੇ ਸ਼ਹੀਦੀਆਂ ਪਾ ਗਏ। ਗੁਰੂ ਜੀ 11 ਨਵੰਬਰ 1675 ਈ: ਚਾਂਦਨੀ ਚੌਂਕ, ਦਿੱਲੀ ਵਿੱਚ ਸ਼ਹੀਦ ਕਰ ਦਿੱਤਾ ਗਿਆ। ਜਿੱਥੇ ਅੱਜ ਕੱਲ ਗੁਰਦੁਆਰਾ ਸੀਸਗੰਜ ਸਾਹਿਬ ਸੁਸ਼ੋਭਿਤ ਹੈ। ਬਿਕਰਮ ਸਿੰਘ ਘੁੰਮਣ ਆਖਦੇ ਹਨ-

"ਇਸ ਤਰ੍ਹਾਂ ਗੁਰੂ ਤੇਗ਼ ਬਹਾਦਰ ਸਾਹਿਬ ਨੇ ਧਰਮ ਦੀ ਰੱਖਿਆ ਖ਼ਾਤਰ ਆਪਣੀ ਕੁਰਬਾਨੀ ਦਿੱਤੀ। ਗੁਰੂ ਜੀ ਦੀ ਸ਼ਹੀਦੀ ਨੇ ਭਾਰਤ ਦੇ ਇਤਿਹਾਸ ਹੀ ਬਦਲ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਅਜਿਹੇ ਪੰਥ ਦੀ ਸਾਜਨਾ ਕੀਤੀ ਕਿ ਗੁਰੂ ਤੇਗ਼ ਬਹਾਦਰ ਸਾਹਿਬ ਤੋਂ ਪਿੱਛੋਂ ਪੰਜਾਬ ਵਿੱਚ ਸ਼ਹੀਦਾਂ ਦੀ ਇੱਕ ਅਟੁੱਟ ਲੜੀ ਚੱਲ ਪਈ ਜਿਹੜੀ ਸਦੀਆਂ ਦੀ ਗੁਲਾਮੀ ਤੋੜਨ ਵਿੱਚ ਕਾਮਯਾਬ ਹੋਈ।"[1]

### ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚ ਵੈਰਾਗ

ਗੁਰੂ ਤੇਗ਼ ਬਹਾਦਰ ਜੀ ਆਪ ਖੁਦ ਤਿਆਗ ਅਤੇ ਵੈਰਾਗ ਦੀ ਮੂਰਤ ਸਨ। ਉਹਨਾਂ ਨੇ ਹਿੰਦੂ ਧਰਮ ਦੀ ਰੱਖਿਆ ਦੇ ਲਈ ਆਪਣੇ ਜੀਵਨ ਦਾ ਤਿਆਗ ਕਰ ਦਿੱਤਾ। ਅਜਿਹਾ ਬਲਿਦਾਨ, ਤਿਆਗ ਕੋਈ ਮਹਾਨ ਪੁਰਸ਼ ਹੀ ਕਰ ਸਕਦਾ ਹੈ। ਗੁਰੂ ਤੇਗ ਬਹਾਦਰ ਜੀ ਨੇ 15 ਰਾਗਾਂ ਵਿੱਚ 59 ਸ਼ਬਦਾਂ (ਚਉਪਦਿਆਂ) ਅਤੇ 57 ਸ਼ਲੋਕ ਰਚੇ ਹਨ। ਆਪ ਜੀ ਦੀ ਬਾਣੀ ਵਿੱਚ ਆਪ ਦਾ ਮੁੱਖ ਸੁਰ ਵਾਸ਼ਨਾਵਾਂ ਦਾ ਤਿਆਗ ਅਤੇ ਸੰਸਾਰਕ ਪ੍ਰਪੰਚ ਪ੍ਰਤੀ ਵੈਰਾਗ ਦੀ ਭਾਵਨਾ ਵਾਲਾ ਹੈ, ਕਾਰਣ ਇਹ ਹੈ ਕਿ ਗੁਰੂ ਜੀ ਅਨੁਸਾਰ ਸੰਸਾਰ ਨਾਸ਼ਵਾਨ ਹੈ, ਇਸ ਲਈ ਨਾਸ਼ਵਾਨ ਵਸਤੂ ਨਾਲ ਮੋਹ ਪਾਉਣਾ ਵਿਅਰਥ ਹੈ। ਉਹਨਾਂ ਦੀ ਸਾਰੀ ਬਾਣੀ ਵੀ ਵੈਰਾਗਮਈ ਹੈ। ਉਹਨਾਂ ਦੀ ਬਾਣੀ ਦਾ ਕੇਂਦਰੀ ਸਿਧਾਂਤ ਹੀ ਵੈਰਾਗ ਹੈ, ਇਸ ਤੱਥ ਬਾਰੇ ਹਰ ਜਗਿਆਸੂ, ਬਾਣੀ ਦੇ ਵਿਦਵਾਨ ਤੇ ਖੋਜੀ ਦੀ ਸਹਿਮਤੀ ਹੈ।

ਵੈਰਾਗ ਦੇ ਸਿਧਾਂਤਕ ਅਰਥ ਉਪਰਾਮਤਾ, ਨਿਰਲੇਪਤਾ, ਉਦਾਸੀਨਤਾ, ਨਿਰਇਛਤਾ ਅਤੇ ਨਿਰਮੋਹਤਾ ਆਦਿ ਹਨ ਪਰ ਗੁਰਬਾਣੀ ਵਿੱਚ ਵੈਰਾਗ ਦਾ ਸਿਧਾਂਤ ਅਜਿਹਾ ਨਹੀਂ ਇਸ ਬਾਰੇ ਤਾਰਨ ਸਿੰਘ ਲਿਖਦੇ ਹਨ-

"ਗੁਰੂ ਸਾਹਿਬਾਨ ਨੇ ਵੈਰਾਗ ਧਾਰਨ ਕਰਨ ਲਈ ਸੰਸਾਰ-ਵਿਹਾਰ ਦੇ ਜੀਵਨ ਜਾਂ ਗ੍ਰਸਤੀ ਜੀਵਨ ਦਾ ਤਿਆਗ ਨਹੀਂ ਮੰਨਿਆ ਨਾ ਹੀ ਇਸ ਜੀਵਨ ਤੋਂ ਉਪਰਾਮਤਾ,ਉਦਾਸੀਨਤਾ ਧਾਰਨ ਕਰਨਾ ਮੰਨਿਆ ਹੈ- ਨਿਰਲੇਪਤਾ ਤੇ ਨਿਰਇਛਤਾ ਮੰਨੇ ਹਨ। ਦੂਜੀ ਗੱਲ ਵੈਰਾਗ ਧਾਰਨ ਕਰਕੇ ਨਿਰੋਲ ਨਾਮ ਸਿਮਰਨ ਨਾਲ ਇੱਕ ਪ੍ਰਭੂ ਦੀ ਪ੍ਰੇਮ-ਭਗਤੀ ਵਿੱਚ ਲੀਨ ਰਹਿਣਾ ਹੈ ਤੇ ਇਹ ਵੈਰਾਗ ਹਸੰਦਿਆਂ ਖੇਲੰਦਿਆਂ, ਖਾਵੰਦਿਆਂ ਪੈਨੰਦਿਆਂ ਹੀ ਧਾਰਨ ਕਰਨਾ ਹੈ। ਤੀਜੇ ਇਸ ਵੈਰਾਗ ਦਾ, ਅਸਲ ਮੰਤਵ ਨਿਰੀ ਆਪਣੀ ਮੁਕਤੀ ਨਹੀਂ ਹੈ ,ਮਨੁੱਖਤਾ ਦੀ ਕਲਿਆਨ ਹੈ। ਸਿੱਖ ਬੈਰਾਗੀ ਨੇ ਵੈਰਾਗ ਧਾਰਨ ਕਰਕੇ ਆਪਣੇ ਤਨ ਮਨ, ਧਨ ਦੀ ਕੁਰਬਾਨੀ ਦੇ ਕੇ ਮਨੁੱਖਤਾ ਦੀ ਸੇਵਾ ਕਰਨੀ ਹੈ- ਕੁਰਬਾਨੀ ਤੇ ਸੇਵਾ ਸਿੱਖ ਸਿਧਾਂਤ ਦੇ ਮੰਤਵ ਹਨ।"[2]

ਅਧਿਆਤਮਿਕ ਤੌਰ ਤੇ ਚੇਤਨ ਵਿਅਕਤੀ ਦੇ ਜੀਵਨ ਦਾ ਮੂਲ-ਮਨੋਰਥ ਪਰਮ ਪਿਤਾ ਪਰਮਾਤਮਾ ਪ੍ਰਾਪਤ ਕਰਨਾ ਹੁੰਦਾ ਹੈ। ਪਰ ਅਜਿਹਾ ਉਦੋਂ ਤੱਕ ਸੰਭਵ ਨਹੀਂ ਹੁੰਦਾ, ਜਦੋਂ ਤੱਕ ਮਨ ਵਿੱਚ ਵੈਰਾਗ ਦੀ ਭਾਵਨਾ ਪੈਦਾ ਨਾ ਹੋਵੇ। ਗੁਰੂ ਤੇਗ਼ ਬਹਾਦਰ ਜੀ ਅਜਿਹੀ ਵਿਲੱਖਣ ਸ਼ਖ਼ਸ਼ੀਅਤ ਹਨ ਜਿਨਾਂ ਦੀ ਬਾਣੀ ਦਾ ਕੇਂਦਰੀ ਸਿਧਾਂਤ ਹੀ ਵੈਰਾਗ ਹੈ। ਵੈਰਾਗ ਧਾਰਨ ਕਰਕੇ ਭਗਤੀ ਵਿੱਚ ਲੱਗਣਾ, ਉਹਨਾਂ ਦੀ ਬਾਣੀ ਦਾ ਕੇਂਦਰੀ ਵਿਸ਼ਾ ਹੈ। ਆਪ ਜੀ ਦੇ ਵੈਰਾਗ ਸਿਧਾਂਤ ਦੇ ਤਿੰਨ ਪੱਖ ਹਨ- ਪਹਿਲਾ ਪੱਖ ਕਿ ਬਨਾਂ ਵਿੱਚ ਜਾਣਾ ਨਿਸਫਲ ਹੈ ਭਾਵ ਗ੍ਰਸਤ ਵਿੱਚ ਹੀ ਉਦਾਸ ਰਹਿਣਾ ਹੈ, ਦੂਜਾ ਪ੍ਰਭੂ ਜਾਂ ਸੱਚ ਪਛਾਨਣਾ ਤੇ ਪਛਾਨਣਾ ਅੰਦਰੋਂ ਹੈ ਤੇ ਤੀਜਾ ਆਪਣੇ ਆਪ ਸਾਰੀ ਮਨੁੱਖਤਾ ਨਾਲ ਅਭੇਦ ਕਰਨਾ ਹੈ ਤੇ ਮਨੁੱਖਤਾ ਲਈ, ਪ੍ਰੇਮ ਵਿੱਚ ਤਨ ਮਨ ਤਨ ਕੁਰਬਾਨ ਕਰਨਾ ਹੈ। ਇਸ ਬਾਰੇ ਆਪ ਜੀ ਦੇ ਬਚਨ ਹਨ-

ਧਨਾਸਰੀ ਮਹਲਾ ù

ਕਾਹੇ ਰੇ ਬਨ ਖੋਜਨ ਜਾਈ॥

ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥ ñ॥ ਰਹਾਉ॥

(ਗੁਰੂ ਗ੍ਰੰਥ ਸਾਹਿਬ ਜੀ, ਪੰਨਾ-684)

"ਜਨਮ-ਜਨਮਾਂਤਰਾਂ ਤੋਂ ਸੰਜੋਏ ਸੰਸਕਾਰਾਂ ਕਰਕੇ ਮਨੁੱਖ ਦੇ ਮਨ ਵਿੱਚ ਵੈਰਾਗ ਦੀ ਭਾਵਨਾ ਜਗਾਉਣਾ ਸਰਲ ਨਹੀਂ ਹੈ। ਸਭ ਤੋਂ ਪਹਿਲਾਂ ਮੋਹ ਮਾਯਾ ਵਿੱਚ ਗ੍ਰਸੇ ਜੀਵ ਸੰਸਾਰਿਕਤਾ ਦਾ ਸਹੀ ਰੂਪ ਦਰਸਾਉਣਾ ਹੈ। ਸੰਸਾਰਕ ਪ੍ਰਪੰਚ ਮਿਥਿਆ ਹੈ, ਇਹ ਗੱਲ ਮਨੁੱਖ ਦੇ ਮਨ ਵਿੱਚ ਵਸਾਉਣੀ ਹੈ ਤਦ ਹੀ ਉਹ ਇਸ ਪ੍ਰਤਿ ਉਪਰਾਮ ਹੋ ਕੇ ਧਰਮ-ਆਚਰਣ ਵਿੱਚ ਲੀਨ ਹੋ ਸਕਦਾ ਹੈ। ਜਿਉਂ ਜਿਉਂ ਧਰਮ ਆਚਰਣ ਦ੍ਰਿੜ੍ਹ ਹੁੰਦਾ ਜਾਏਗਾ, ਤਿਉਂ ਤਿਉਂ ਵੈਰਾਗ ਦੀ ਭਾਵਨਾ ਦਾ ਵਿਕਾਸ ਹੁੰਦਾ ਜਾਏਗਾ। ਇਸ ਲਈ ਸਭ ਤੋਂ ਪਹਿਲਾਂ ਮਿਥਿਆ ਤੱਤਵ ਦਾ ਗਿਆਨ ਕਰਾਉਣਾ ਜਰੂਰੀ ਹੈ। ਸਪੱਸ਼ਟ ਹੈ ਕਿ ਵੈਰਾਗ ਪ੍ਰਾਪਤੀ ਲਈ ਗਿਆਨ ਅਥਵਾ ਵਿਵੇਕ ਦਾ ਸਹਾਰਾ ਲਏ ਬਿਨਾਂ ਮੰਜ਼ਿਲ ਉੱਤੇ ਨਹੀਂ ਪਹੁੰਚਿਆ ਜਾ ਸਕਦਾ। ਫਲਸਰੂਪ ਸਭ ਤੋਂ ਪਹਿਲਾਂ ਇਸ ਤੱਥ ਦਾ ਬੋਧ ਹੋਣਾ ਜ਼ਰੂਰੀ ਹੈ ਕਿ ਸੰਸਾਰ ਦਾ ਸਾਰਾ ਖੇਲ, ਸਮੁੱਚਾ ਵਿਵਹਾਰ ਸੁਪਨੇ ਵਾਂਗ ਹੈ, ਨਾਸ਼ਵਾਨ ਹੈ।"[3]

ਗੁਰੂ ਤੇਗ ਬਹਾਦਰ ਜੀ ਦੀ ਹਰ ਰਚਨਾ, ਹਰ ਪਦਾ, ਹਰ ਸ਼ਲੋਕ ਵੈਰਾਗਮਈ ਹੈ। ਕਿਤੇ ਸੰਸਾਰਕ ਪਦਾਰਥਾਂ ਤੋਂ ਉਪਰਾਮਤਾ ਹੈ, ਕਿਤੇ ਸਾਕ ਸੰਬੰਧੀਆਂ, ਰਿਸ਼ਤੇਦਾਰਾਂ ਦੀ ਖ਼ੁਦਗਰਜੀ ਦੇਖ ਕੇ ਮਨ ਵਿੱਚ ਵੈਰਾਗ ਪੈਦਾ ਹੁੰਦਾ ਹੈ। ਗੁਰੂ ਜੀ ਸਮਝਾਉਂਦੇ ਹਨ ਕਿ ਇਹ ਸਭ ਦ੍ਰਿਸ਼ਟਮਾਨ ਸਭ ਨਾਸ਼ਵਾਨ ਹੈ, ਬਿਨਸਨਹਾਰ ਹੈ, ਸ਼ਰੀਰ ਰੋਜ਼ ਬਿਨਸਦੇ ਹਨ ਪਰ ਮੰਨਦਾ ਕੋਈ ਨਹੀਂ। ਇਹ ਧਨ ਸੰਪੱਤੀ, ਮਹਿਲ ਮਾੜੀਆਂ, ਬਾਗ ਬਗ਼ੀਚੇ ਸਭ ਨਾਸ਼ਵਾਨ ਹਨ, ਇਨ੍ਹਾਂ ਸਭ ਪਦਾਰਥਾਂ ਦੀ ਨਾਸ਼ਵਾਨਤਾ ਬਾਰੇ ਗੁਰੂ ਜੀ ਆਪਣੀ ਬਾਣੀ ਵਿੱਚ ਸਮਝਾਉਣਾ ਕਰਦੇ ਹਨ-


© Copyright @ Authors

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ॥

ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ॥ ôù॥

(ਗੁਰੂ ਗ੍ਰੰਥ ਸਾਹਿਬ ਜੀ, ਪੰਨਾ-1429)

ਗੁਰੂ ਤੇਗ਼ ਬਹਾਦੁਰ ਜੀ ਆਖਦੇ ਹਨ ਕਿ ਵੈਰਾਗ ਉਦੋਂ ਉਪਜਦਾ ਹੈ ਜਦੋਂ ਕੋਈ ਸਾਡਾ ਪਿਆਰਾ ਸਾਡੇ ਨਾਲ ਬੇਵਫਾਈ ਕਰਦਾ ਹੈ, ਜਿਸ ਕਿ ਅਸੀਂ ਆਪਣਾ ਮੰਨੀ ਬੈਠੇ ਹੁੰਦੇ ਹਾਂ। ਸਾਡੇ ਸਭ ਸਾਕ ਸਬੰਧੀ, ਮਿੱਤਰ-ਦੋਸਤ ਇਹ ਸਭ ਸੁੱਖ ਦੇ ਹੀ ਸੰਗੀ ਹਨ ਦੁੱਖ ਵਿੱਚ ਕੋਈ ਵੀ ਸਾਥ ਨਹੀਂ ਦਿੰਦਾ। ਗੁਰੂ ਜੀ ਇਹਨਾਂ ਸਾਰੇ ਨਜ਼ਦੀਕੀ ਰਿਸ਼ਤਿਆਂ ਦੀ ਖ਼ੁਦਗਰਜ਼ੀ ਬਾਰੇ, ਅਸਲੀਅਤ ਬਾਰੇ ਆਪਣੀ ਬਾਣੀ ਦੇ ਵਿੱਚ ਸਾ ਸਮਝਾਉਣਾ ਕਰਦੇ ਹਨ-

ਪ੍ਰੀਤਮ ਜਾਨਿ ਲੇਹੁ ਮਨ ਮਾਹੀ॥

ਅਪਨੇ ਸੁਖ ਸਿਉ ਹੀ ਜਗੁ ਫਾਂਧਿਓ ਕੋ ਕਾਹੂ ਕੋ ਨਾਹੀ॥ ñ॥ ਰਹਾਉ॥

ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸ ਘੇਰੈ॥

ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ॥ ñ॥

(ਰਾਗ ਸੋਰਠਿ, ਗੁਰੂ ਗ੍ਰੰਥ ਸਾਹਿਬ ਜੀ, ਪੰਨਾ-634)

ਵੈਰਾਗ ਦੀ ਭਾਵਨਾ ਕੇਵਲ ਮਨੁੱਖਾ ਜਨਮ ਵਿੱਚ ਹੀ ਵਿਕਸਿਤ ਹੋ ਸਕਦੀ ਹੈ ਕਿਸੇ ਹੋਰ ਜਨਮ ਵਿੱਚ ਨਹੀਂ। ਕਿਉਂਕਿ ਇੱਕ ਚੇਤਨ ਜੀਵ ਹੀ ਇਸ ਪ੍ਰਕਾਰਜ ਨਿਭਾ ਸਕਦਾ ਹੈ। ਗੁਰਬਾਣੀ ਵਿੱਚ ਵੀ ਮਾਣਸ ਜੀਵਨ ਦੇ ਦੁਰਲੱਭ ਹੋਣ ਬਾਰੇ ਦੱਸਿਆ ਗਿਆ ਹੈ, ਸੋ ਇਸ ਦੁਰਲਭ ਜੀਵਨ ਦੇ ਵਿੱਚ ਸੰਸਾਰਕ ਪਦਾਰਥਾਂ ਦੀ ਨਾਸ਼ਮਾਨਤਾ ਸਮਝਦੇ ਹੋਏ, ਦੋਸਤਾ- ਮਿੱਤਰਾਂ ਰਿਸ਼ਤੇਦਾਰਾਂ ਦੀ ਖ਼ੁਦਗਰਜੀ ਦੇਖ ਕੇ ਮਨ ਵਿੱਚ ਵੈਰਾਗ ਪੈਦਾ ਹੁੰਦਾ ਹੈ ਅਤੇ ਜੋ ਅਖੌਤੀ ਧਾਰਮਿਕ ਕਰਮ ਕਾਂਡਾ ਜੋ ਕਿ ਬੰਧਨ ਰੂਪ ਵਿੱਚ ਹੁੰਦੇ ਹਨ ਜੋ ਮਨ ਵਿੱਚ ਹੰਕਾਰ ਪੈਦਾ ਕਰਦੇ ਹਨ, ਉਹਨਾਂ ਤੋਂ ਵੀ ਉਪਰਾਮਤਾ ਬਾਰੇ ਗੁਰੂ ਸਾਹਿਬ ਸਮਝਾਉਂਦੇ ਹਨ-

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥

ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥ ôö॥

(ਗੁਰੂ ਗ੍ਰੰਥ ਸਾਹਿਬ ਜੀ, ਪੰਨਾ-1428)

ਜੋ ਵਿਅਕਤੀ ਅਧਿਆਤਮਿਕ ਤੌਰ ਤੇ ਚੇਤਨ ਹੋ ਕੇ ਮਨੁੱਖ ਜਨਮ ਦਾ ਸਦ-ਉਪਯੋਗ ਕਰਦਾ ਹੈ ਉਸ ਵਿੱਚ ਭਗਤੀ ਕਰਦਾ ਹੈ, ਉਹ ਇਸ ਸੰਸਾਰਿਕ ਬਾਜ਼ੀ ਜਿੱਤ ਲੈਂਦਾ ਹੈ। ਇਸ ਪ੍ਰਕਾਰ ਦੇ ਵੈਰਾਗ ਦੀ ਭਾਵਨਾ ਮਨੁੱਖ ਦੇ ਸਰੂਪ ਅਰਥਾਤ ਵਿਅਕਤੀਤਵ ਪੂਰੀ ਤਰ੍ਹਾਂ ਬਦਲ ਦਿੰਦੀ ਹੈ। ਵੈਰਾਗ ਸੰਸਾਰ ਦੀ ਤੁੱਛਤਾ ਦੇਖ ਕੇ ਹੀ ਉਪਜਦਾ ਹੈ ਤੁੱਛਤਾ ਦੇਖ ਕੇ ਹੀ ਕਿਸੇ ਮਹਾਨ ਅਬਿਨਾਸੀ, ਗੌਰਵਤਾ ਵਾਲੀ ਵਸਤੂ ਦੀ ਤਲਾਸ਼ ਕੀਤੀ ਜਾਂਦੀ ਹੈ ਤੇ ਇਹੁ ਵਸਤੂ ਨਾਮ ਹੈ। ਨਾਮ ਮਨੁੱਖ ਗੁਰਮੁਖ ਬਣਾ ਦਿੰਦਾ ਹੈ ਅਜਿਹੇ ਗੁਰਮੁਖ ਵਿਅਕਤੀ ਦੇ ਹਿਰਦੇ ਦੇ ਵਿੱਚ ਗੁਰੂ ਜੀ ਨੇ ਬ੍ਰਹਮ ਦਾ ਨਿਵਾਸ ਮੰਨਿਆ ਹੈ, ਫਿਰ ਉਸ ਲਈ ਦੁੱਖ-ਸੁੱਖ, ਮਾਨ-ਅਪਮਾਨ, ਹਰਖ-ਸੋਗ, ਉਸਤਤਿ-ਨਿੰਦਾ ਸਭ ਇਕ ਸਮਾਨ ਹੋ ਜਾਂਦੇ ਹਨ। ਗੁਰੂ ਤੇਗ਼ ਬਹਾਦਰ ਜੀ ਇਸ ਬਾਰੇ ਆਪਣੀ ਬਾਣੀ ਵਿੱਚ ਫਰਮਾਉਂਦੇ ਹਨ -

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥

ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥ ñ॥ ਰਹਾਉ ॥

ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥

ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥ ñ॥

ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥

ਕਾਮੁ ਕ੍ਰੋਧੁ ਜਿਹ ਪਰਸੇ ਨਾਹਨਿ ਤਿਹ ਘਟਿ ਬ੍ਰਹਮ ਨਿਵਾਸਾ॥ ò॥

ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥

ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥ ó॥ ññ॥

(ਰਾਗ ਸੋਰਠਿ,ਗੁਰੂ ਗ੍ਰੰਥ ਸਾਹਿਬ ਜੀ, ਪੰਨਾ-633,634)

ਇਸ ਤਰ੍ਹਾਂ ਸੰਸਾਰਕ ਪ੍ਰਪੰਚ ਤੋਂ ਉਪਰਾਮ ਰਹਿਣ ਵਾਲੇ ਕੋਈ ਵੀ ਲੋਭ ਲਾਲਚ ਪ੍ਰਭਾਵਿਤ ਨਹੀਂ ਕਰ ਸਕਦਾ। ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵੈਰਾਗ, ਉਪਰਾਮਤਾ ਦੇ ਦੁਆਰਾ ਉਹ ਮਨੁੱਖ ਪੈਦਾ ਕਰਨਾ ਚਾਹੁੰਦੀ ਹੈ ਜੋ ਦੁੱਖ-ਸੁੱਖ, ਉਸਤਤ-ਨਿੰਦਿਆ, ਭੇਦ ਭਾਵ ਤੋਂ ਉੱਪਰ ਉੱਠ ਕੇ ਹਰ ਤਰ੍ਹਾਂ ਦੀ ਗੁਲਾਮੀ ਦੇ ਬੰਧਨ ਤੋੜਨ ਲਈ, ਸਭ ਤਰ੍ਹਾਂ ਦੀ ਕੁਰਬਾਨੀ ਕਰਨ ਲਈ ਤਿਆਰ ਹੋ ਜਾਣਗੇ। ਗੁਰੂ ਸਾਹਿਬ ਦੀ ਬਾਣੀ ਦਾ ਵੈਰਾਗ ਇਸੇ ਜਗਤ ਵਿੱਚ ਇੱਕ ਰੱਬੀ ਸਵਰਗ ਦੀ ਰਚਨਾ ਕਰਨ ਲਈ ਸੀ।

### ਗੁਰੂ ਤੇਗ਼ ਬਹਾਦਰ ਜੀ ਦੀ ਤਿਆਗ ਭਾਵਨਾ

ਭਾਰਤੀ ਸੰਸਕ੍ਰਿਤੀ ਵਿੱਚ ਤਿਆਗ ਦਾ ਅਰਥ ਸੰਸਾਰੀ ਸੁੱਖਾਂ ਤੋਂ ਵੈਰਾਗ ਵੱਲ ਵਧਣਾ, ਵਸਦੇ ਰਸਦੇ ਸੰਸਾਰ ਤੋਂ ਯੋਗ ਵੱਲ ਮੂੰਹ ਮੋੜਨਾ, ਇੰਦਰੀਆਂ ਵੱਸ ਵਿੱਚ ਕਰਨ ਦਾ ਯਤਨ ਕਰਨਾ ਅਤੇ ਗ੍ਰਿਹਸਥ ਜੀਵਨ ਸਬੰਧੀ ਘਿਰਣਾ ਵਾਲੀ ਬਿਰਤੀ ਰੱਖਣੀ ਹੈ ਪਰ ਸਿੱਖ ਗੁਰੂ ਸਾਹਿਬਾਨਾਂ ਨੇ ਅਜਿਹੀ ਬਿਰਤੀ ਦਾ ਖੰਡਨ ਕੀਤਾ ਹੈ। ਗੁਰੂ ਸਾਹਿਬਾਨਾਂ ਅਨੁਸਾਰ ਮਨੁੱਖ ਸੰਸਾਰ ਵਿੱਚ ਰਹਿੰਦਿਆਂ ਹੋਇਆਂ ਤਿਆਗ ਸਦਕਾ ਪਰਮਾਤਮਾ ਦੀ ਪ੍ਰਾਪਤੀ ਕਰ ਸਕਦਾ ਹੈ ਪਰ ਇਹ ਤਿਆਗ ਹੈ ਈਸ਼ਵਰੀ ਨਿਯਮਾਂ ਅਨੁਸਾਰ ਜੀਵਨ ਬਤੀਤ ਕਰਨਾ ਹੈ। ਇਸ ਸਬੰਧੀ ਬਲਵੀਰ ਕੌਰ ਲਿਖਦੇ ਹਨ-

"ਸਿੱਖ ਗੁਰੂ ਸਾਹਿਬਾਂ ਦਾ ਤਿਆਗ ਜ਼ਿੰਦਗੀ ਦੇ ਕਾਰ ਵਿਹਾਰ ਤੋਂ ਮੂੰਹ ਮੋੜਨ ਵਾਲਾ ਨਹੀਂ। ਕਰਤਵ-ਰੂਪ ਕਾਰ ਵਿਹਾਰੀ ਜੀਵਨ ਜਿਉਂਦਿਆਂ ਇਸ ਤੋਂ ਉਤਾਂਹ ਉਠਣਾ ਹੈ, ਅਤੇ ਸੇਵਾ ਕਰਤ ਹੋਏ ਨਿਹਕਾਮੀ ਦੀ ਭਾਵਨਾ ਸਹਿਤ ਆਤਮਿਕ ਉੱਨਤੀ ਪ੍ਰਾਪਤ ਕਰਨਾ ਹੈ ਸਿੱਖ ਗੁਰੂ ਸਾਹਿਬਾਂ ਨੇ ਕਾਮ,


© Copyright @ Authors

ਕ੍ਰੋਧ, ਲੋਭ ਆਦਿ ਵਿਸ਼ਿਆਂ ਦੇ ਤਿਆਗ ਲਈ ਕਿਹਾ ਹੈ। ਹਉਂ ਦਾ ਤਿਆਗ ਦੱਸਿਆ ਹੈ, ਝੂਠ ਨਿੰਦਾ ਦਾ ਤਿਆਗ, ਸਿਆਣਪ ਦਾ ਤਿਆਗ, ਮਾਨੁ ਅਭਿਮਾਨੁ ਦਾ ਤਿਆਗ, ਮਨ ਦੀ ਮਤ ਤੇ ਮਾਇਆ ਦਾ ਤਿਆਗ ਆਦਿ ਤੇ ਜ਼ੋਰ ਦਿੱਤਾ ਹੈ। ਗੁਰੂ ਤੇਗ਼ ਬਹਾਦਰ ਜੀ ਅਨੁਸਾਰ ਮਨੁੱਖ ਜਗਤ-ਜੀਵਨ ਵਿੱਚ ਰਹਿੰਦਾ ਹੋਇਆਂ ਪ੍ਰਭੂ ਪਾ ਸਕਦਾ ਹੈ। ਉਨ੍ਹਾਂ ਘਰ-ਬਾਰ ਦੇ ਤਿਆਗ ਦੀ ਪ੍ਰਥਾ ਦਾ ਜ਼ੋਰਦਾਰ ਖੰਡਨ ਕਰਕੇ ਜੀਵਨ ਤੋਂ ਬੇ-ਮੁਖ ਹੋਣ ਦੇ ਕਰਮ ਨਿੰਦਿਆ ਹੈ ਤੇ ਕਿਹਾ ਹੈ ਪ੍ਰਭੂ ਬਾਹਰ ਜੰਗਲਾਂ ਵਿੱਚ ਨਹੀਂ ਮਨੁੱਖ ਦੇ ਅੰਦਰ ਬਿਰਾਜਮਾਨ ਹੈ।"[4]

ਕਾਹੇ ਰੇ ਬਨ ਖੋਜਨ ਜਾਈ॥

ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥ ੧॥ ਰਹਾਉ॥

(ਰਾਗ ਧਨਾਸਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ-684)

ਗੁਰੂ ਤੇਗ਼ ਬਹਾਦਰ ਜੀ ਕਹਿੰਦੇ ਹਨ ਕਿ ਮਾਣ, ਵਡਿਆਈ ਆਦਿ ਤ੍ਰਿਸ਼ਨਾ ਦਾ ਤਿਆਗ ਪ੍ਰਭੂ ਭਗਤੀ ਦੇ ਲਈ ਬਹੁਤ ਜਰੂਰੀ ਹੈ, ਜਦੋਂ ਤੱਕ ਹਉਮੈਂ ਦੀ ਬਿਰਤੀ ਮਨ ਬੰਦੀ ਬਣਾਈ ਰੱਖਦੀ ਹੈ ਤਾਂ ਗੁਰੂ ਅੱਗੇ ਤਨ ਮਨ ਭੇਟ ਨਹੀਂ ਹੋ ਸਕਦਾ। ਗੁਰੂ ਜੀ ਨੇ ਪ੍ਰਭੂ ਬਾਣੀ ਵਿੱਚ ਮਨ ਜੋੜਨ ਦੇ ਲਈ ਇਸ ਮਾਣ ਵਡਿਆਈ ਦੇ ਤਿਆਗ ਦੀ ਸੇਧ ਦਿੱਤੀ ਹੈ, ਗੁਰੂ ਜੀ ਫਰਮਾਉਂਦੇ ਹਨ

ਸਾਧੋ ਮਨ ਕਾ ਮਾਨੁ ਤਿਆਗਉ॥

(ਰਾਗ ਗਉੜੀ, ਗੁਰੂ ਗ੍ਰੰਥ ਸਾਹਿਬ, ਪੰਨਾ-219)

ਮੋਹ-ਮਮਤਾ ਦਾ ਤਿਆਗ ਵੀ ਪ੍ਰਭੂ ਭਗਤੀ ਦੇ ਲਈ ਜਰੂਰੀ ਹੈ। ਗੁਰੂ ਤੇਗ਼ ਬਹਾਦਰ ਜੀ ਨੇ ਆਪਣੀ ਬਾਣੀ ਵਿੱਚ ਮੋਹ ਮਮਤਾ ਦੇ ਤਿਆਗ ਬਾਰੇ ਵੀ ਗੱਲ ਕੀਤੀ ਹੈ ਕਿਉਂਕਿ ਮੋਹ ਮਮਤਾ ਭਗਤੀ ਦੇ ਵਿੱਚ ਰੁਕਾਵਟ ਪਾਉਂਦੀ ਹੈ ਇਹ ਮੋਹ ਸੰਸਾਰਕ ਪਦਾਰਥਾਂ ਪ੍ਰਤੀ, ਰਿਸ਼ਤਿਆਂ ਪ੍ਰਤੀ, ਘਰ-ਬਾਰ ਪ੍ਰਤੀ ਹੋ ਸਕਦਾ ਹੈ। ਇਹਨਾਂ ਤੋਂ ਵੈਰਾਗ ਉਪਰਾਮਤਾ ਪੈਦਾ ਹੋਣ ਤੇ ਹੀ ਇਸ ਦਾ ਤਿਆਗ ਹੋ ਸਕਦਾ ਹੈ। ਮਨੁੱਖ ਦੇ ਅੰਦਰ ਅਨੇਕਾਂ ਤਰ੍ਹਾਂ ਦੀਆਂ ਵਿਸ਼ੇ ਵਾਸ਼ਨਾਵਾਂ ਦਾ ਵਾਸ ਹੁੰਦਾ ਹੈ। ਇਹਨਾਂ ਦੇ ਪ੍ਰਭਾਵ ਵੱਸ ਮਨੁੱਖ ਦੇ ਅੰਦਰ ਪਦਾਰਥਾਂ ਦੀ ਲਾਲਸਾ ਵਧੀ ਰਹਿੰਦੀ ਹੈ, ਜਦੋਂ ਮਨੁੱਖ ਦੇ ਅੰਦਰ ਅਜਿਹੀ ਲਾਲਸਾ ਵਧੀ ਰਹਿੰਦੀ ਹੈ, ਉਦੋਂ ਮਨੁੱਖ ਉਹਨਾਂ ਵਾਸ਼ਨਾਵਾਂ ਭੋਗਦਾ ਨਹੀਂ ਸਗੋਂ ਉਹ ਉਹਨਾਂ ਦੇ ਦੁਆਰਾ ਭੋਗਿਆ ਜਾਂਦਾ ਹੈ। ਇਹ ਜੋ ਸਾਡੇ ਅੰਦਰ ਪੰਜ ਵਿਕਾਰ ਹਨ, ਉਹ ਹਨ- ਕਾਮ, ਕ੍ਰੋਧ, ਲੋਭ, ਮੋਹ, ਹੰਕਾਰ- ਇਹ ਪੰਜ ਚੋਰ ਭਗਤੀ ਦੇ ਵਿਰੋਧੀ ਹਨ ਇਹਨਾਂ ਦੇ ਅਧੀਨ ਮਨ ਮੰਦ ਕਰਮੀ ਬਣਿਆ ਰਹਿੰਦਾ ਹੈ। ਗੁਰੂ ਜੀ ਨੇ ਇਨਾ ਦੇ ਤਿਆਗ ਬਾਰੇ ਵੀ ਆਪਣੀ ਬਾਣੀ ਵਿੱਚ ਆਖਿਆ ਹੈ-

ਸਾਧੋ ਮਨ ਕਾ ਮਾਨੁ ਤਿਆਗਉ॥

ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ॥ ਰਹਾਉ॥

(ਰਾਗ ਗਉੜੀ, ਗੁਰੂ ਗ੍ਰੰਥ ਸਾਹਿਬ ਜੀ, ਪੰਨਾ-219)

ਮਾਇਆ ਦਾ ਤਿਆਗ ਵੀ ਅਧਿਆਤਮਿਕ ਜੀਵਨ ਦੀ ਉੱਚਤਾ ਦੇ ਲਈ ਬੜਾ ਜਰੂਰੀ ਹੈ। ਜਿਸ ਮਨੁੱਖ ਦੇ ਅੰਦਰ ਮਾਇਆ ਇਕੱਠੀ ਕਰਨ ਦਾ ਲਾਲਚ ਪੈਦਾ ਹੋ ਜਾਵੇ, ਉਹ ਕਦੇ ਵੀ ਪਰਉਪਕਾਰ ਦਾ ਕੰਮ ਨਹੀਂ ਕਰ ਸਕਦਾ ਉਹੁ ਹਮੇਸ਼ਾ ਆਪਣੇ ਹੀ ਸਵਾਰਥ ਬਾਰੇ ਸੋਚ ਸਕਦਾ ਹੈ ਮਾਇਆ ਦਾ ਪਿਆਰ ਮਨੁੱਖ ਮਾਇਆ ਦੀਆਂ ਰੰਗੀਨੀਆਂ ਵਿੱਚ ਹੀ ਉਲਝਾਈ ਰੱਖਦਾ ਹੈ ਤੇ ਉਸ ਕਦੇ ਵੀ ਤ੍ਰਿਪਤੀ ਨਹੀਂ ਮਿਲ ਸਕਦੀ। ਗੁਰੂ ਤੇਗ਼ ਬਹਾਦਰ ਜੀ ਨੇ ਮਾਇਆ ਦੇ ਮੋਹ ਇੱਕ ਘਣਾ ਸੰਕਟ ਕਿਹਾ ਹੈ ਤੇ ਇਸ ਦੇ ਤਿਆਗ ਦੇ ਲਈ ਸਿੱਖਿਆ ਦਿੱਤੀ ਹੈ। ਗੁਰੂ ਜੀ ਫਰਮਾਉਂਦੇ ਹਨ-

ਦੁਰਲਭ ਦੇਹ ਪਾਇ ਮਾਨਸ ਕੀ ਬਿਰਥਾ ਜਨਮੁ ਸਿਰਾਵੈ॥

ਮਾਇਆ ਮੋਹ ਮਹਾ ਸੰਕਟ ਬਨ ਤਾ ਸਿਉ ਰੁਚ ਉਪਜਾਵੈ॥ ੧॥

(ਰਾਗ ਗਉੜੀ, ਗੁਰੂ ਗ੍ਰੰਥ ਸਾਹਿਬ ਜੀ, ਪੰਨਾ-220)

ਇਸ ਤੋਂ ਇਲਾਵਾ ਗੁਰੂ ਤੇਗ ਬਹਾਦਰ ਜੀ ਨੇ ਛਲ ਕਪਟ, ਲਾਲਚ, ਬੁਰੀ ਸੰਗਤ,ਨਿੰਦਿਆ, ਪਰ-ਇਸਤਰੀ ਗਮਨ ਆਦਿ ਮਨੁੱਖ ਦੇ ਘਟੀਆ ਕਰਮਾਂ ਦੇ ਤਿਆਗ ਬਾਰੇ ਵੀ ਗੱਲ ਕੀਤੀ ਹੈ ਇਹ ਨੀਚ ਕਰਮ ਮਨੁੱਖ ਨੀਚ ਬਣਾ ਦਿੰਦੇ ਹਨ ਅਤੇ ਉਹ ਮੌਤ ਭੁੱਲ ਜਾਂਦਾ ਹੈ। ਗੁਰੂ ਤੇਗ਼ ਬਹਾਦਰ ਜੀ ਨੇ ਅਜਿਹੀਆਂ ਨੀਚ ਬਿਰਤੀਆਂ ਦੀ ਨਿਖੇਧੀ ਕੀਤੀ ਹੈ ਤੇ ਇਹਨਾਂ ਤੋਂ ਬਚਣ ਦੇ ਲਈ ਸਿੱਖਿਆ ਦਿੱਤੀ ਹੈ-

ਮਨ ਰੇ ਕਉਨੁ ਕੁਮਤਿ ਤੈ ਲੀਨੀ॥

ਪਰ ਦਾਰਾ ਨਿੰਦਿਆ ਰਸ ਰਚਿਓ ਰਾਮ ਭਗਤਿ ਨਹਿ ਕੀਨੀ॥ ੧॥ ਰਹਾਉ ॥

(ਰਾਗ ਸੋਰਠਿ, ਗੁਰੂ ਗ੍ਰੰਥ ਸਾਹਿਬ ਜੀ, ਪੰਨਾ-631)

"ਗੁਰੂ ਤੇਗ਼ ਬਹਾਦਰ ਨੇ ਮਨੁੱਖ ਅੰਦਰ ਵਿਆਪਕ ਰਜੋ ਤੇ ਤਮੋ ਦੋਹਾਂ ਗੁਣਾਂ ਦਾ ਖਾਤਮਾ ਕਰਨ ਲਈ ਮੋਹ ਮਮਤਾ, ਇੱਛਾ, ਤ੍ਰਿਸ਼ਨਾ, ਕਾਮਨਾ, ਵਿਸ਼ੈ-ਵਾਸਨਾ, ਭੋਗ ਵਿਲਾਸ, ਸਵਾਰਥ ਆਦਿ ਨਖਿਧ ਕਰਮਾਂ ਦੇ ਤਿਆਗ ਜਰੂਰੀ ਕਰਾਰ ਦਿੱਤਾ ਹੈ। ਜਦੋਂ ਤੱਕ ਮਨੁੱਖ ਅੰਦਰੋਂ ਰਜੋ ਤੇ ਤਮੋ ਗੁਣ ਨਾਸ਼ ਨਹੀਂ ਹੁੰਦਾ ਤਦੋਂ ਤੱਕ ਇਸ ਅੰਦਰ ਅਧਿਆਤਮਕਤਾ ਲਈ ਲਗਾਓ ਨਹੀਂ ਪੈਦਾ ਹੋ ਸਕਦਾ। ਅਧਿਆਤਮਕ ਗਿਆਨ ਦੀ ਉਪਜ ਦੇ ਲਈ ਹਿਰਦੇ ਦੀ ਸਵੱਛਤਾ ਜਰੂਰੀ ਹੈ। ਹਿਰਦੇ ਦੀ ਸਵੱਛਤਾ ਦੇ ਲਈ ਉਕਤ ਪ੍ਰਕਾਰ ਦਾ ਤਿਆਗ ਜਰੂਰੀ ਹੈ। ਇਸ ਤਿਆਗ ਸਦਕਾ ਸਾਰਾ ਭਰਮ ਦੂਰ ਹੋ ਜਾਂਦਾ ਹੈ ਤੇ ਫਿਰ ਪ੍ਰਭੂ ਦੀ ਭਗਤੀ ਪ੍ਰਾਪਤ ਹੋ ਜਾਂਦੀ ਹੈ।"[5]

ਇਸ ਤਰ੍ਹਾਂ ਸੰਸਾਰਿਕ ਪਦਾਰਥਾਂ, ਰਿਸ਼ਤਿਆਂ ਨਾਤਿਆਂ ਦੀ ਖ਼ੁਦਗਰਜ਼ੀ ਦੇਖ ਕੇ, ਉਹਨਾਂ ਤੋਂ ਵੈਰਾਗ ਉਪਰਾਮਤਾ ਪੈਦਾ ਹੋਣ ਉਪਰੰਤ ਹੀ ਇਹਨਾਂ ਦਾ ਤਿਆਗ ਹੋ ਸਕਦਾ ਹੈ ਤੇ ਫਿਰ ਗ੍ਰਹਿਸਥ ਵਿੱਚ ਰਹਿੰਦੇ ਹੋਏ ਕਾਮ, ਕ੍ਰੋਧ,ਲੋਭ, ਮੋਹ, ਹੰਕਾਰ, ਛਲ, ਕਪਟ, ਨਿੰਦਿਆ, ਬੁਰੀ ਸੰਗਤ ਆਦਿ ਨਿਖਿਧ ਬਿਰਤੀਆਂ ਦਾ ਤਿਆਗ ਕਰਕੇ ਪ੍ਰਭੂ ਭਗਤੀ ਵਿੱਚ ਲੱਗਿਆ ਜਾ ਸਕਦਾ ਹੈ। ਇਸ ਤਰ੍ਹਾਂ ਨਿਖਿਧ ਕਰਮਾਂ ਦਾ ਤਿਆਗ ਕਰਕੇ ਚੰਗੇ ਕਰਮ ਕਰਦੇ ਹੋਏ ਹੀ, ਪਰਉਪਕਾਰ ਦੇ ਰਾਹ ਤੇ ਚੱਲਦੇ ਹੋਏ, ਪ੍ਰਭੂ ਭਗਤੀ ਵਿੱਚ ਰੰਗੇ ਹੋਏ ਵਿਅਕਤੀ ਕਿਸੇ ਵੀ ਤਰ੍ਹਾਂ ਦੀ ਕੁਰਬਾਨੀ ਕਰਨ ਦੇ ਲਈ ਹਮੇਸ਼ਾ ਤਿਆਰ-ਬਰ-ਤਿਆਰ ਰਹਿੰਦੇ ਹਨ। ਜਿਸ ਦੀ ਸਭ ਤੋਂ ਵੱਡੀ ਉਦਾਹਰਣ ਗੁਰੂ ਤੇਗ਼ ਬਹਾਦਰ ਜੀ ਆਪ ਹਨ। ਉਹਨਾਂ ਨੇ ਹਿੰਦੂ ਧਰਮ ਦੀ ਰੱਖਿਆ ਦੇ ਲਈ ਇਸ ਨਾਸ਼ਵਾਨ ਸਰੀਰ ਦੀ ਸ਼ਹਾਦਤ ਦੇ ਦਿੱਤੀ। ਇੱਥੇ ਸੀਸ ਨਾਲੋਂ ਸਿਰੜ ਤਰਜੀਹ ਦਿੱਤੀ ਗਈ ਹੈ। ਇੱਥੇ ਸੀਸ ਨਸ਼ਵਰ ਸਰੀਰ ਦਾ ਬੋਧਿਕ ਹੈ ਤੇ ਸਿਰੜ ਸੱਚੇ ਵੈਰਾਗ ਦੀ ਸਿਖ਼ਰਲੀ ਅਵਸਥਾ ਦਾ ਸੂਚਕ ਹੈ।


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

**ਹਵਾਲੇ ਅਤੇ ਟਿੱਪਣੀਆਂ**

1. ਬਿਕਰਮ ਸਿੰਘ ਘੁੰਮਣ, ਜੀਵਨ ਫ਼ਲਸਫ਼ਾ ਗੁਰੂ ਤੇਗ਼ ਬਹਾਦਰ, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਿਟਡ ਲੁਧਿਆਣਾ, 1988, ਪੰਨਾ-39.
2. ਤਾਰਨ ਸਿੰਘ (ਸੰਪਾਦਕ) ਗੁਰੂ ਤੇਗ਼ ਬਹਾਦਰ ਸ਼ਹੀਦੀ ਅੰਕ, ਨਾਨਕ ਪ੍ਰਕਾਸ਼ ਪੱਤ੍ਰਿਕਾ, ਜੂਨ-ਦਸੰਬਰ 1995, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਨਾ-64.
3. ਡਾ. ਰਤਨ ਸਿੰਘ ਜੱਗੀ ਡਾ. ਗੁਰਸ਼ਰਨ ਕੌਰ ਜੱਗੀ, ਗੁਰੂ ਤੇਗ਼ ਬਹਾਦਰ ਬਾਣੀ ਵਿਸ਼ਲੇਸ਼ਣ, ਗੁਰਮਤ ਪ੍ਰਕਾਸ਼ਨ, ਪਟਿਆਲਾ, 2011,ਪੰਨਾ-35.
4. ਤਾਰਨ ਸਿੰਘ (ਸੰਪਾਦਕ) ਗੁਰੂ ਤੇਗ਼ ਬਹਾਦਰ ਸ਼ਹੀਦੀ ਅੰਕ, ਉਹੀ...ਪੰਨਾ-57.
5. ਉਹੀ...ਪੰਨਾ-61-62.


© Copyright @ Authors